## ਆਨਲਾਈਨ ਦਾਖਲਾ 2026 ਲਈ ਜਰੂਰੀ (ਵਿਸਥਾਰ ਪੂਰਵਕ) ਹਦਾਇਤਾਂ

- ਦਾਖਲੇ ਲਈ ਚਾਹਵਾਨ ਉਮੀਦਵਾਰ ਵੈਬਸਾਈਟ https://itipunjab.admissions.nic.in ਤੇ ਰਜਿਸ਼ਟਰੇਸ਼ਨ ਕਰ ਸਕਦੇ ਹਨ।
- ਉਮੀਦਵਾਰਾਂ ਵਲੋਂ ਆਨਲਾਈਨ ਦਾਖਲੇ ਲਈ ਦਾਖਲਾ ਨੋਟਿਸ ਵਿਚ ਦਰਸਾਈਆਂ ਮਿਤੀਆਂ ਨੂੰ ਅਪਲਾਈ/ਰਜਿਸ਼ਟਰੇਸ਼ਨ ਕੀਤੀ ਜਾਵੇ। ਅੰਤਿਮ ਮਿਤੀ ਉਪਰੰਤ ਕੋਈ ਰਜਿਸ਼ਟਰੇਸ਼ਨ ਨਹੀਂ ਹੋਵੇਗੀ। ਹਰ ਉਮੀਦਵਾਰਾਂ ਵਲੋਂ ਆਨਲਾਈਨ ਰਜਿਸ਼ਟਰੇਸ਼ਨ ਲਈ ਕੇਵਲ ਇਕ ਵਾਰੀ, ਇਕੋ ਹੀ ਰਜਿਸ਼ਟਰੇਸ਼ਨ ਆਈ.ਡੀ. ਤਿਆਰ ਕੀਤੀ ਜਾਵੇ। ਪਹਿਲੇ ਰਾਉਂਡ ਦੋਰਾਨ ਸੀਟ ਨਾ ਮਿਲਣ ਦੀ ਸੂਰਤ ਵਿਚ ਉਸੇ ਆਈ.ਡੀ. ਦੀ ਵਰਤੋਂ ਕਰਦੇ ਹੋਏ, ਅਗਲੇ ਰਾਉਂਡ ਦੋਰਾਨ ਮੁੜ ਤੋਂ ਕੇਵਲ ਆਪਣੀ choice fill ਕੀਤੀ ਜਾਵੇ।
- ਡਾਇਰੈਕਟਰ ਜਨਰਲ ਆਫ ਟ੍ਰੇਨਿੰਗ, ਭਾਰਤ ਸਰਕਾਰ ਨਵੀਂ ਦਿੱਲੀ ਦੀਆਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ, ਹਰ ਕੈਂਡੀਡੇਟ ਵਲੋਂ ਆਨਲਾਈਨ ਦਾਖਲਾ ਫਾਰਮ ਵਿਚ ਆਪਣਾ ਮੋਬਾਈਲ ਨੰਬਰ (unique) (ਮੋਬਾਈਲ ਨੰਬਰ ਆਧਾਰ ਕਾਰਡ ਨਾਲ ਲਿੰਕ ਹੋਇਆ ਹੋਵੇ) ਅਤੇ ਈ-ਮੇਲ ਆਈ.ਡੀ (unique) ਲਾਜ਼ਮੀ ਭਰਿਆ ਜਾਵੇ। ਆਧਾਰ ਕਾਰਡ ਨਾਲ ਲਿੰਕ ਮੋਬਾਈਲ ਨੰਬਰ ਹੀ ਵਰਤਿਆ ਜਾਵੇ। ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇ ਮਿਲ ਜਾਣ ਤੱਕ ਆਨਲਾਈਨ ਪੋਰਟਲ ਤੇ ਮੋਬਾਈਲ ਨੰਬਰ ਅਤੇ ਈ-ਮੇਲ ਆਈ.ਡੀ. ਤਬਦੀਲ ਕਰਨ ਦੀ ਇਜਾਜਤ ਨਹੀਂ ਹੋਵੇਗੀ।
- ਅਣਗਿਹਲੀ ਕਰਨ ਦੀ ਸੂਰਤ ਵਿਚ, ਜੇਕਰ ਦਾਖਲੇ ਸਬੰਧੀ, ਡਾਟਾ ਅਪਲੋਡ ਸਬੰਧੀ, ਟ੍ਰੇਨਿਜ਼ ਪ੍ਰੋਫਾਈਲ ਵੈਰੀਫਿਕੇਸ਼ਨ ਸਬੰਧੀ, ਪ੍ਰੀਖਿਆ ਨਾਲ ਸਬੰਧਤ, ਆਨਲਾਈਨ ਰਜ਼ਿਸਟਰੇਸ਼ਨ ਅਤੇ ਸਰਟੀਫਿਕੇਟ ਆਦਿ ਸਬੰਧੀ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਸਿਖਿਆਰਥੀ ਖੁਦ  ਜਿੰਮੇਵਾਰ ਹੋਵੇਗਾ। ਸੀਟ ਅਲਾਟਮੈਂਟ ਹੋ ਜਾਣ ਉਪਰੰਤ, ਕੈਂਡੀਡੇਟਸ ਤੋਂ ਇਸ ਸਬੰਧ ਵਿਚ ਅੰਡਰਟੇਕਿੰਗ ਲਈ ਜਾਵੇਗੀ। ਉਪਰੰਤ ਆਨਲਾਈਨ ਫੀਸ ਜਮਾਂ ਕਰਵਾ ਦਿੱਤੀ ਜਾਵੇ।
- ਉਮੀਦਵਾਰ ਆਪਣੀ ਆਨਲਾਈਨ ਰਜਿਸ਼ਟਰੇਸ਼ਨ ਦੇ ਲਾਗ-ਇਨ ਆਈ.ਡੀ. ਦਾ password ਕਿਸੇ ਹੋਰ ਨਾਲ ਸ਼ੇਅਰ ਨਾ ਕਰਨ ਭਾਵ ਕਿਸੇ ਨੂੰ ਨਾ ਦੱਸਣ ਤਾਂ ਜੋ ਲਾਗ-ਇਨ ਆਈ.ਡੀ. ਦੀ ਦੁਰਵਰਤੋਂ ਨਾ ਹੋ ਸਕੇ। ਇਸ ਕਾਰਨ ਆਪਣੀ ਸਹੂਲੀਅਤ ਅਨੁਸਾਰ password ਸੁਰੱਖਿਅਤ ਰੱਖ ਲਿਆ ਜਾਵੇ।
- ਆਨਲਾਈਨ ਰਜਿਸ਼ਟਰੇਸ਼ਨ ਫਾਰਮ ਧਿਆਨ ਨਾਲ ਭਰਿਆ ਜਾਵੇ। ਜਿਸ ਵਿਚ ਆਪਣੇ ਨਾਮ, ਪਿਤਾ ਦੇ ਨਾਮ ਅਤੇ ਮਾਤਾ ਦੇ ਨਾਮ ਦੇ ਸਪੈਲਿੰਗ, ਜਨਮ ਮਿਤੀ, gender ਅਤੇ ਕੈਟਾਗਰੀ ਆਦਿ ਹੋਰ ਵੇਰਵੇ ਚੈਕ ਕਰਕੇ ਠੀਕ ਭਰੇ ਜਾਣ। ਕੈਂਡੀਡੇਟਸ ਵਲੋਂ ਆਨਲਾਈਨ ਰਜਿਸ਼ਟਰੇਸ਼ਨ ਕਰਨ ਸਮੇਂ ਇਹ ਵੇਰਵੇ ਸਹੀ ਭਰਨ ਉਪਰੰਤ, ਫਾਈਨਲ ਸਬਮਿਸ਼ਨ ਤੋਂ ਪਹਿਲਾਂ ਇਕ ਵਾਰ ਫਿਰ ਚੈਕ ਕਰ ਲਏ ਜਾਣ। ਡਾਕੂਮੈਂਟ ਵੈਰੀਫਾਈ ਹੋਣ ਤੋਂ ਪਹਿਲਾਂ, ਉਮੀਦਵਾਰ ਨਿੱਜੀ ਲਾਗ-ਇਨ ਆਈ.ਡੀ.  ਅਤੇ password ਦੀ ਵਰਤੋਂ ਕਰਦੇ ਹੋਏ ਆਪਣਾ ਡਾਟਾ Edit/ Update ਕਰ ਸਕਦੇ ਹਨ। ਫਿਰ ਵੀ ਗਲਤੀ ਰਹਿ ਜਾਂਦੀ ਹੈ ਤਾਂ ਉਮੀਦਵਾਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।
- ਉਮੀਦਵਾਰਾਂ ਵਲੋਂ ਖੁੱਦ ਦਾਖਲੇ ਲਈ ਰਜਿਸ਼ਟਰੇਸ਼ਨ ਕੀਤੀ  ਜਾਵੇ। ਆਪਣੀ latest ਫੋਟੋ ਅਪਲੋਡ ਕੀਤੀ ਜਾਵੇ। ਯੋਗਤਾ ਦੇ ਵੇਰਵੇ ਭਰੇ ਜਾਣ। ਡਾਕੂਮੈਂਟ ਵੈਰੀਫਾਈ ਕਰਵਾਉਣ ਲਈ ਆਪਣੀ ਸੁਵਿਧਾ ਅਨੁਸਾਰ, ਡੈਜੀਗਨੇਟਿਡ ਇੰਸਟੀਚਿਉਟ ਨੂੰ ਸਿਲੈਕਟ ਕੀਤਾ ਜਾਵੇ ਅਤੇ ਦਾਖਲਾ ਫਾਰਮ ਸਬਮਿਟ ਕੀਤਾ ਜਾਵੇ।
- ਕੈਂਡੀਡੇਟ ਵਲੋਂ ਪ੍ਰੋਸੈਸਿੰਗ ਫੀਸ 100/- ਰੁਪਏ, ਦਾਖਲਾ ਪੋਰਟਲ ਉਪਰ ਦਰਸਾਏ ਪੇਮੈਂਟ ਲਿੰਕ ਉਪਰ ਆਨਲਾਈਨ ਪ੍ਰੋਸੈਸ ਰਾਂਹੀਂ ਜਿਵੇਂ ਕਿ ਡੈਬਿਟ ਕਾਰਡ,  ਕਰੈਡਿਟ ਕਾਰਡ, ਇੰਟਰਨੈਟ ਬੈਕਿੰਗ ਜਾਂ ਯੂ.ਪੀ.ਆਈ. ਰਾਂਹੀਂ ਸਬਮਿਟ ਕਰਵਾਈ ਜਾ ਸਕਦੀ ਹੈ।
- ਪੇਮੈਂਟ ਅਪਡੇਟ ਹੋਣ ਲਈ ਆਪਣੇ ਦਾਖਲਾ ਪੋਰਟਲ ਦੀ ਲਾਗ ਇਨ ਆਈ.ਡੀ. ਵਿਚ ਫੀਸ ਅਪਡੇਟ ਦਾ ਸਟੇਟਸ ਚੈਕ ਕਰ ਲਿਆ ਜਾਵੇ ਕਿ ਫੀਸ ਕੰਫਰਮ ਹੋ ਗਈ ਹੈ ਜਾਂ ਨਹੀਂ। ਜੇਕਰ ਨਿਸ਼ਚਿਤ ਕੀਤੇ ਹੋਏ ਦਾਖਲਾ ਸ਼ਡਿਊਲ ਦੇ ਸਮੇਂ ਅੰਦਰ, ਬੈਕਿੰਗ ਸਿਸਟਮ ਦੇ ਵਿਚ ਦੇਰੀ ਹੋਣ ਦੇ ਕਾਰਨਾਂ ਕਰਕੇ,  ਫੀਸ ਕੰਫਰਮ ਨਹੀਂ ਹੁੰਦੀ ਤਾਂ ਉਸ ਦੇ

ਡਾਕੂਮੈਂਟ ਵੈਰੀਫਾਈ ਨਹੀਂ ਹੋਣਗੇ। ਇਸ ਦੇ ਲਈ ਵਿਭਾਗ ਜਿੰਮੇਵਾਰ ਨਹੀਂ ਹੋਵੇਗਾ। ਇਹ ਪ੍ਰੋਸੈਸਿੰਗ ਫੀਸ ਕੰਫਰਮ ਹੋ ਜਾਣ ਉਪਰੰਤ, Designated Institutes ਵਲੋਂ ਡਾਕੂਮੈਂਟ ਵੈਰੀਫਾਈ ਕੀਤੇ ਜਾ ਸਕਣਗੇ।

- Designated Institutes ਦੀ ਲਿਸਟ ਵੈਬਸਾਈਟ ਉਪਰ ਉਪਲਬੱਧ ਹੈ।
- ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਦੀ ਲਿਸਟ ਵੈਬਸਾਈਟ ਉਪਰ ਉਪਲਬੱਧ ਹੈ, ਜਿਸ ਅਨੁਸਾਰ ਕੈਂਡੀਡੇਟ ਵਲੋਂ ਆਪਣੀ ਚੁਆਇਸ ਭਰੀ ਜਾ ਸਕਦੀ ਹੈ।
- ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਵੈਬਸਾਈਟ ਤੇ ਉਪਲਬੱਧ ਹਨ।
- ਉਮੀਦਵਾਰ ਵੱਲੋਂ ਆਨਲਾਈਨ ਦਾਖਲੇ ਲਈ ਰਜਿਸ਼ਟਰੇਸ਼ਨ ਕਰਨ ਉਪਰੰਤ, ਜਿਸ ਟਰੇਡ ਦੇ ਦਾਖਲੇ ਲਈ ਆਪਣੀ ਚੁਆਇਸ ਭਰੀ ਜਾਣੀ ਹੈ ਭਾਵ ਜਿਸ ਟਰੇਡ ਵਿਚ ਦਾਖਲਾ ਲਿਆ ਜਾਣਾ ਹੈ, ਸਬੰਧਤ ਸੰਸਥਾ ਮੁੱਖੀ ਤੋਂ ਉਸ ਟਰੇਡ ਦੀ ਐਫੀਲੇਸ਼ਨ NCVT/ DST/ SCVT ਸਬੰਧੀ ਪਹਿਲਾਂ ਜਾਣਕਾਰੀ ਲੈ ਲਈ ਜਾਵੇ ਜਾਂ ਸਿੱਧੇ ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਦੇ SIDH ਪੋਰਟਲ ਦੇ ਲਿੰਕ https://dgt.skillindiadigital.gov.in/open-service-utilities/iti-search ਤੋਂ ਵੀ ਜਾਣਕਾਰੀ ਲੈ ਲਈ ਜਾਵੇ। ਟਰੇਡਾਂ ਦੀ ਐਫੀਲੇਸ਼ਨ ਦੇ ਆਧਾਰ ਤੇ ਦਾਖਲੇ ਲਈ ਅਪਲਾਈ ਕੀਤਾ ਜਾਵੇ।
- ਕਰਾਫਟਸਮੈਨ ਸਕੀਮ ਤਹਿਤ ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ, ਉਮੀਦਵਾਰ ਸ਼ਰੀਰਕ ਤੌਰ ਤੇ ਫਿੱਟ ਹੋਣ ਅਤੇ ਉਮਰ ਦਾਖਲੇ ਦੇ ਸਾਲ ਦੀ ਪਹਿਲੀ ਅਗਸਤ ਨੂੰ 14 ਸਾਲ ਹੋਵੇ। ਭਾਰਤ ਸਰਕਾਰ ਦੇ ਪੱਤਰ ਨੰ: D.G.E.&T,-19/(15)/2010 CD ਮਿਤੀ 20-09-2010 ਦੇ ਫੈਸਲੇ ਅਨੁਸਾਰ ਦਾਖਲੇ ਲਈ ਉਪਰਲੀ ਉਮਰ ਦੀ ਹੱਦ ਖਤਮ ਕਰ ਦਿੱਤੀ ਹੈ।
- ਦਾਖਲੇ ਵਿਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜਰਵੇਸ਼ਨ ਪਾਲਿਸੀ ਮੁਤਾਬਿਕ ਹੋਵੇਗੀ। ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜਾਰੀ ਕੀਤੇ ਸਰਟੀਫਿਕੇਟ ਦੀ ਕਾਪੀ ਅਪਲੋਡ ਕੀਤੀ ਜਾਵੇ। ਕੈਟਾਗਰੀ ਸਬੰਧੀ ਸਬੂਤ ਦਾਖਲਾ ਪੋਰਟਲ ਉਪਰ ਅਪਲੋਡ ਨਾ ਕੀਤੇ ਜਾਣ ਦੀ ਸੂਰਤ ਵਿਚ ਉਸ ਨੂੰ ਜਨਰਲ ਕੈਟਾਗਰੀ ਵਜੋਂ ਵਿਚਾਰਿਆ ਜਾਵੇਗਾ।
- ਸਰਕਾਰੀ ਉਦਯੋਗਿਕ ਸਿਖਲ਼ਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਦੀ ਕੁੱਲ ਸਲਾਨਾ ਫੀਸ 3500/- ਰੁਪਏ ਸਲਾਨਾ ਹੈ।

  ਅਨੁਸੂਚਿਤ ਜਾਤੀ ਦੇ ਉਮੀਦਵਾਰ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 2.5 ਲੱਖ ਜਾਂ ਇਸ ਤੋਂ ਘੱਟ ਹੈ, (ਆਨਲਾਈਨ ਰਜਿਸ਼ਟਰੇਸ਼ਨ ਫਾਰਮ ਨਾਲ ਸਬੂਤ ਪੇਸ਼ ਕਰਨ ਤੇ) ਨੂੰ ਕੇਵਲ 150/- ਰੁਪਏ ਫੀਸ (100/- ਰੁਪਏ ਪੀਟਸਾ ਫੰਡ ਅਤੇ 50/- ਰੁਪਏ ਰੀਫੰਡੇਬਲ ਸਿਕਿਉਰਿਟੀ) ਹੀ ਦੇਣੀ ਹੋਵੇਗੀ।
- ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਖੇ ਇੰਜੀਨੀਅਰਿੰਗ ਅਤੇ ਨਾਨ ਇੰਜੀਨੀਅਰਿੰਗ ਟਰੇਡਾਂ ਲਈ ਇਹ ਫੀਸ ਕ੍ਰਮਵਾਰ 19412/- ਰੁਪਏ ਅਤੇ 12975/- ਰੁਪਏ ਸਲਾਨਾ ਹੈ।

  ਅਨੁਸੂਚਿਤ ਜਾਤੀ ਦੇ ਉਮੀਦਵਾਰ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 2.5 ਲੱਖ ਜਾਂ ਇਸ ਤੋਂ ਘੱਟਹੈ, (ਆਨਲਾਈਨ ਰਜਿਸ਼ਟਰੇਸ਼ਨ ਫਾਰਮ ਨਾਲ ਸਬੂਤ ਪੇਸ਼ ਕਰਨ ਤੇ) ਨੂੰ ਕੇਵਲ 100/- ਰੁਪਏ (ਪੀਟਸਾ ਫੰਡ) ਫੀਸ ਹੀ ਦੇਣੀ ਹੋਵੇਗੀ।
- ਪੋਸਟਮੈਟ੍ਰਿਕ ਸਕਾਲਰਸ਼ਿਪ ਸਕੀਮ ਟੂ ਐਸ.ਸੀ. ਸਟੂਡੈਂਟਸ ਅਧੀਨ ਜਾਰੀ ਗਾਈਡ ਲਾਈਨਜ਼ ਅਨੁਸਾਰ ਯੋਗ ਐਸ.ਸੀ. ਸਿਖਿਆਰਥੀ ਜਿੰਨਾ ਦੇ ਮਾਪਿਆਂ ਦੀ ਸਲਾਨਾ ਆਮਦਨ 2.5 ਲੱਖ ਰੁਪਏ ਜਾਂ ਇਸ ਤੋਂ ਘੱਟ ਹੋਵੇਗੀ. ਨੂੰ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਲੋਂ ਫਰੀਸ਼ਿਪ ਕਾਰਡ ਜਾਰੀ ਕੀਤਾ ਜਾਵੇਗਾ। ਫਰੀਸ਼ਿਪ ਕਾਰਡ ਹੋਲਡਰ ਸਿਖਿਆਰਥੀਆਂ ਨੂੰ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਬਿਨ੍ਹਾਂ ਫੀਸ ਲਏ ਦਾਖਲਾ ਦਿੱਤਾ ਜਾਵੇਗਾ। ਦਾਖਲ ਹੋਏ ਇੰਨਾਂ ਸਿਖਿਆਰਥੀਆਂ ਦੇ ਬੈਂਕ ਖਾਤੇ ਵਿਚ, ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਲੋਂ ਫੀਸ ਦੀ ਰਾਸ਼ੀ ਅਤੇ ਨਿਰਧਾਰਤ ਸਲਾਨਾ ਭੱਤੇ ਦਿੱਤੇ ਜਾਣਗੇ। ਸਿਖਿਆਰਥੀਆਂ ਨੂੰ ਰਾਸ਼ੀ ਪ੍ਰਾਪਤ ਹੋਣ ਉਪਰੰਤ, ਸਿਖਿਆਰਥੀਆਂ ਵਲੋਂ ਫੀਸ ਦੀ ਰਾਸ਼ੀ ਸੰਸਥਾ ਵਿਖੇ ਜਮਾਂ ਕਰਵਾਉਣੀ ਹੋਵੇਗੀ।

- Fee applicable at Govt. ITI's shall be charged for 5% (five percentages) seats in the private unaided ITI's/ ITC's from the poor students whose family income is less than 2 lacs per annum.
- Detailed ਦਾਖਲਾ ਸ਼ਡਿਉਲ ( Choice filling, Result declaration, Deposit admission fee and Seat confirmation) ਅਤੇ ਦਾਖਲੇ ਸਬੰਧੀ ਵਿੱਧੀ ਵੈਬਸਾਈਟ ਤੇ ਜਲਦੀ ਅਪਡੇਟ ਕੀਤੀ ਜਾਵੇਗੀ।
- ਰਾਜ ਸਰਕਾਰ/ ਵਿਭਾਗ ਵਲੋਂ ਜਾਰੀ ਹਦਾਇਤਾਂ, ਦਾਖਲਾ ਨੋਟਿਸ ਅਤੇ ਹੋਰ ਜਾਣਕਾਰੀਆ ਆਦਿ ਦਾਖਲਾ ਪੋਰਟਲ ਉਪਲਬੱਧ ਹਨ। ਦਾਖਲਾ ਪ੍ਰੀਕ੍ਰਿਆ ਅਤੇ ਕੌਂਸਲਿੰਗ ਸ਼ਡਿਉਲ ਦੇ ਸਬੰਧ ਵਿਚ ਸਮੇਂ-ਸਮੇਂ ਤੇ ਹੋਰ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਇਸ ਵੈਬਸਾਈਟ ਤੇ ਅਪਡੇਟ ਕੀਤੀ ਜਾਵੇਗੀ। ਇਸ ਲਈ ਤਾਜਾ ਅਪਡੇਟ ਅਤੇ ਵਧੇਰੇ ਜਾਣਕਾਰੀ ਲਈ ਇਹ ਵੈਬਸਾਈਟ ਨਿਯਮਿਤ ਤੌਰ ਤੇ ਚੈਕ ਕਰਦੇ ਰਹਿਣ।
- ਜੇਕਰ ਉਮੀਦਵਾਰ ਦਾਖਲੇ ਲਈ ਅੰਤਿਮ ਮਿਤੀਆਂ ਨੂੰ (ਵੈਬਸਾਈਟ ਤੇ ਲੋਡ ਵੱਧ ਹੋ ਜਾਣ ਕਾਰਨ) ਰਜਿਸ਼ਟਰੇਸ਼ਨ ਕਰਨ ਵਿਚ ਅਸਮਰੱਥ ਹੁੰਦੇ ਹਨ ਤਾਂ ਇਸ ਵਿਚ ਵਿਭਾਗ ਦੀ ਜਿੰਮੇਵਾਰੀ ਨਹੀਂ ਹੋਵੇਗੀ। ਆਨਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਮੁਕੰਮਲ ਹਦਾਇਤਾਂ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।
- ਦਾਖਲੇ ਲਈ ਚਾਹਵਾਨ ਉਮੀਦਵਾਰਾਂ ਨੂੰ ਜੇਕਰ ਕੋਈ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਸਹਾਇਤਾ ਲਈ ਆਪਣੇ ਨਜਦੀਕ ਪੈਂਦੀ, ਪੰਜਾਬ ਰਾਜ ਦੀ ਕਿਸੇ ਵੀ ਸਰਕਾਰੀ ਆਈ.ਟੀ.ਆਈ. ਵਿਖੇ, ਸਥਾਪਿਤ ਕੀਤੇ ਗਏ ਹੈਲਪ ਡੈਸਕ ਤੇ ਸੰਪਰਕ ਕਰ ਸਕਦਾ ਹੈ। ਇਸ ਤੋਂ ਇਲਾਵਾ ਹੈਲਪਲਾਈਨ ਮੋਬਾਈਲ ਨੰ: 7347343239 / 7347341914 ਅਤੇ ਈ ਮੇਲ punjabitiadmission@gmail.com ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।